# ਹਿੰਦੁਸਤਾਨੀ ਸਰਕਾਰ ਦੀ ਕਸ਼ਮੀਰ ਦੇ ਲੋਕਾਂ ਖ਼ਿਲਾਫ਼ ਜੰਗ ਹੋਰ ਤੇਜ਼ - ਕਸ਼ਮੀਰ ਫੌਜ ਦੇ ਹਵਾਲੇ

ਕਸ਼ਮੀਰ ਦੇ ਲੋਕ ਆਪਣੇ ਹੱਕਾਂ ਲਈ ਅਤੇ ਜਬਰ ਦੇ ਖ਼ਿਲਾਫ਼ ਕਈ ਦਹਾਕਿਆਂ ਤੋਂ ਘੋਲ ਚਲਾ ਰਹੇ ਹਨ। ਕੇਂਦਰੀ ਸਰਕਾਰ ਹਮੇਸ਼ਾ ਹੀ ਇਸ ਘੋਲ ਨੂੰ ਕੁਚਲਣ ਲਈ ਇਕ ਪਾਸੇ ਤਾਂ ਕਸ਼ਮੀਰ ਵਿਚ ਆਪਣੇ ਟੋਡੀਆਂ ਦੀ ਸਰਕਾਰ ਬਣਾਉਂਦੀ ਹੈ ਅਤੇ ਦੂਸਰੇ ਪਾਸੇ ਪੁਲੀਸ, ਨੀਮ ਫੌਜ ਅਤੇ ਫੌਜ ਨਾਲ ਕਬਜ਼ਾ ਕਰਕੇ ਬੇਅੰਤ ਤਸ਼ੱਦਦ ਕਰਦੀ ਆਈ ਹੈ।

ਪਿਛਲੇ ਅਰਸੇ ਵਿਚ ਕੇਂਦਰੀ ਸਰਕਾਰ, ਕਾਂਗਰਸ ਪਾਰਟੀ, ਅਤੇ ਹੋਰਨਾਂ ਪਾਰਟੀਆਂ ਨੇ ਬਹੁਤ ਰੌਲਾ ਪਾਇਆ ਹੋਇਆ ਸੀ ਕਿ ਕਸ਼ਮੀਰ ਉਮਰ ਅਬਦੁੱਲਾ ਦੀ ਜਮਹੂਰੀ ਤਰੀਕੇ ਨਾਲ ਚੁਣੀ ਗਈ ਸਰਕਾਰ ਬਣ ਜਾਣ ਨਾਲ ਲੋਕਾਂ ਦੇ ਮਸਲੇ ਹੱਲ ਹੋ ਰਹੇ ਹਨ ਤੇ ਲੋਕ ਸੰਘਰਸ਼ ਦਾ ਰਾਹ ਛੱਡ ਕੇ ਸਰਕਾਰ ਨਾਲ ਗੱਲ ਬਾਤ ਕਰ ਰਹੇ ਹਨ। ਸਿਰਫ਼ ਕੁਝ ਅੰਸਰ ਹੀ ਪਾਕਿਸਤਾਨ ਦੇ ਅਸਰ ਹੇਠ ਅਮਨ ਅਤੇ ਸ਼ਾਂਤੀ ਨੂੰ ਭੰਗ ਕਰ ਰਹੇ ਹਨ। ਆਮ ਕਸ਼ਮੀਰੀ ਬੰਦਾ ਜੱਦੋ-ਜਹਿਦ ਤੋਂ ਤੰਗ ਹੈ ਅਤੇ ਥੱਕ ਗਿਆ ਹੈ ਅਤੇ ਉਹ ਆਪਣਾ ਕਾਰੋਬਾਰ ਕਰਨਾ ਚਾਹੁੰਦਾ ਹੈ ਅਤੇ ਹੌਲੀ ਹੌਲੀ ਸੈਲਾਨੀ ਵੀ ਕਸ਼ਮੀਰ ਦੀ ਆਬੋ-ਹਵਾ ਦਾ ਨਜ਼ਾਰਾ ਲੈਣ ਕਸ਼ਮੀਰ ਉਪੜ ਰਹੇ ਹਨ। ਕਸ਼ਮੀਰ ਤੋਂ ਬਾਹਰ ਇਹ ਝੂਠ ਅਤੇ ਫਰੇਬ ਮੀਡੀਏ ਰਾਹੀਂ ਰੋਜ਼ ਲੋਕਾਂ ਦੇ ਘਰਾਂ ਵਿਚ ਪ੍ਰਚਾਰਿਆ ਜਾਂਦਾ ਰਿਹਾ ਹੈ। ਪਰ ਅਸਲੀਅਤ ਵਿਚ ਸੀ ਆਰ ਪੀ ਐਫ, ਬੀ ਐਸ ਐਫ ਅਤੇ ਫੌਜ ਹੱਕਾਂ ਦੀ ਮੰਗ ਕਰ ਰਹੇ ਨੌਜਵਾਨਾਂ ਦੇ ਕਤਲ ਲਗਾਤਾਰ ਕਰ ਰਹੀ ਹੈ। ਇਸ ਸਰਕਾਰੀ ਜ਼ੁਲਮ ਅਤੇ ਤਸ਼ੱਦਦ ਦੀ ਅਜਾਰੇਦਾਰ ਮੀਡੀਆ ਕੋਈ ਗੱਲ ਨਹੀਂ ਕਰਦਾ ਤੇ ਕਸ਼ਮੀਰੀ ਲੋਕਾਂ ਦੀ ਕੋਈ ਸੁਣਵਾਈ ਨਹੀਂ। ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ ਦੇ ਕਾਰਕੁੰਨਾਂ ਉੱਤੇ ਅੰਨ੍ਹਾ ਤਸ਼ੱਦਦ ਕੀਤਾ ਜਾਂਦਾ ਹੈ ਅਤੇ ਕਈ ਕਾਰਕੁੰਨ ਕਤਲ ਵੀ ਕਰ ਦਿਤੇ ਗਏ ਹਨ।

ਪਿਛਲੇ ਮਹੀਨੇ ਮਨਮੋਹਨ ਸਿੰਘ ਨੇ ਕਸ਼ਮੀਰ ਜਾ ਕੇ ਲੋਕਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਤੇ ਕਿਹਾ ਕਿ ਕੇਂਦਰੀ ਸਰਕਾਰ ਉਨ੍ਹਾਂ ਲਈ ਇਕ ਖ਼ਾਸ ਪੈਕੇਜ ਤਿਆਰ ਕਰ ਰਹੀ ਹੈ ਜਿਸ ਨਾਲ ਕਸ਼ਮੀਰ ਦੇ ਲੋਕਾਂ ਦਾ ਭਲਾ ਹੋਵੇਗਾ ਅਤੇ ਤਰੱਕੀ ਦਾ ਰਾਹ ਖੁੱਲ੍ਹੇਗਾ ਇਸ ਲਈ ਕਸ਼ਮੀਰ ਦੇ ਲੋਕਾਂ ਨੂੰ ਸੰਘਰਸ਼ ਦਾ ਰਾਹ ਛੱਡ ਦੇਣਾ ਚਾਹੀਦਾ ਹੈ। ਪਰ ਲੋਕ ਮਨਮੋਹਨ ਸਿੰਘ ਦੇ ਇਸ ਝੂਠ ਅਤੇ ਫਰੇਬ ਤੋਂ ਵੀ ਕੁਰਾਹੇ ਨਹੀਂ ਪਏ। ਹਾਲ ਵਿਚ ਹੀ ਪੁਲੀਸ, ਨੀਮ ਫੌਜ ਅਤੇ ਲੋਕਾਂ ਦੇ ਮੁਕਾਬਲੇ ਸ਼ਹਿਰਾਂ ਅਤੇ ਕਸਬਿਆਂ ਵਿਚ ਰੋਜ਼ ਹੋ ਰਹੇ ਹਨ। ਪੁਲੀਸ ਅਤੇ ਨੀਮ ਫੌਜ ਨੇ ਕਈ ਦਰਜਨ ਲੋਕਾਂ ਦੇ ਕਤਲ ਕਰ ਦਿਤੇ ਹਨ ਅਤੇ ਸੈਂਕੜੇ ਜ਼ਖ਼ਮੀ ਕਰ ਦਿਤੇ ਹਨ। ਪਰ ਲੋਕ ਇਨਸਾਫ ਲਈ ਅੜੇ ਹੋਏ ਹਨ। ਹੁਣ ਕੇਂਦਰੀ ਸਰਕਾਰ ਅਤੇ ਉਮਰ ਅਬਦੁੱਲਾ ਦੀ ਸਰਕਾਰ ਨੇ ਲੋਕਾਂ ਤੇ ਫੌਜ ਚਾੜ੍ਹ ਦਿਤੀ ਹੈ।

ਕਸ਼ਮੀਰ ਦੇ ਲੋਕ ਹਿੰਦੁਸਤਾਨ ਦੀ ਫੌਜ, ਨੀਮ ਫੌਜ ਅਤੇ ਕੇਂਦਰੀ ਰੀਜ਼ਰਵ ਪੁਲੀਸ ਦਾ ਮੁਕਾਬਲਾ ਬਹਾਦਰੀ ਨਾਲ ਕਰਦੇ ਰਹੇ ਹਨ। ਇਸ ਵਾਰ ਵੀ ਉਹ ਇਸ ਸਰਕਾਰੀ ਤਸ਼ੱਦਦ ਦਾ ਜਵਾਬ ਆਪਣੇ ਸੰਘਰਸ਼ ਨੂੰ ਹੋਰ ਤੇਜ਼ ਕਰਨ ਨਾਲ ਹੀ ਦੇ ਸਕਦੇ ਹਨ। ਹੋਰਨਾਂ ਇਲਾਕਿਆਂ ਦੇ ਲੋਕਾਂ ਵਾਂਗ ਕਸ਼ਮੀਰੀ ਲੋਕ ਆਪਣੀ ਜਾਨ ਆਨ ਅਤੇ ਮਾਣ ਲਈ ਲੜ ਰਹੇ ਹਨ। ਇਸ ਕਰਕੇ ਉਹ ਇਹ ਸੰਘਰਸ਼ ਛੱਡ ਹੀ ਨਹੀਂ ਸਕਦੇ। ਸੰਘਰਸ਼ ਤੋਂ ਇਲਾਵਾ ਉਨ੍ਹਾਂ ਕੋਲ ਹੋਰ ਕੋਈ ਚਾਰਾ ਹੀ ਨਹੀਂ। ਹਰੇਕ ਨਾਦਰਸ਼ਾਹ ਵਾਂਗ ਮਨਮੋਹਨ ਸਿੰਘ ਵੀ ਲੋਕਾਂ ਦੇ ਹੱਕਾਂ ਨੂੰ ਤਸਲੀਮ ਨਹੀਂ ਕਰਨਾ ਚਾਹੁੰਦਾ ਅਤੇ ਉਨ੍ਹਾਂ ਉੱਤੇ ਤਸ਼ੱਦਦ ਅਤੇ ਜਬਰ ਕਰਕੇ ਉਨ੍ਹਾਂ ਨੂੰ ਗੁਲਾਮ ਬਣਾਈ ਰਖਣਾ ਚਾਹੁੰਦਾ ਹੈ ਇਸ ਲਈ ਹਿੰਦੁਸਤਾਨ ਦੀ ਸਰਕਾਰ ਕੋਲ ਵੀ ਤਸ਼ੱਦਦ ਤੋਂ ਇਲਾਵਾ ਹੋਰ ਕਈ ਰਾਹ ਹਨ। ਪਰ ਇਹ ਗੱਲ ਲੋਕਾਂ ਨੂੰ ਮਨਜ਼ੂਰ ਨਹੀਂ। ਉਹ ਆਪਣੀ ਕਿਸਮਤ ਦਾ ਫੈਸਲਾ ਆਪ ਕਰਨਾ ਚਾਹੁੰਦੇ ਹਨ ਤੇ ਇਸ ਹੱਕ ਦੀ ਰਾਖੀ ਲਈ ਕਿਸੇ ਵੀ ਕੁਰਬਾਨੀ ਤੋਂ ਨਹੀਂ ਡਰਦੇ।